Royal College of Anaesthetists

# ਆਮ ਬੇਹੋਸ਼/ਸੁੰਨ ਕਰਨ ਵਾਲੀਆਂ ਦਵਾਈਆਂ:

## ਜੋਖਮ ਅਤੇ ਮਾੜੇ ਪ੍ਰਭਾਵ

ਹਰ ਵਿਅਕਤੀ ਵੱਖਰਾ ਹੁੰਦਾ ਹੈ ਅਤੇ ਇਹ ਦੱਸ ਪਾਉਣਾ ਸੰਭਵ ਨਹੀਂ ਹੈ ਕਿ ਕਿਸ-ਕਿਸ ਵਿੱਚ ਜੋਖਮ ਅਤੇ ਮਾੜੇ ਪ੍ਰਭਾਵ ਦੇਖਣ ਨੂੰ ਮਿਲ ਸਕਦੇ ਹਨ। ਕੁਝ ਲੋਕਾਂ ਵਿੱਚ ਇਹ ਖਤਰੇ ਜ਼ਿਆਦਾ ਹੋ ਸਕਦੇ ਹਨ ਜਿਨ੍ਹਾਂ ਨੂੰ ਪਹਿਲਾਂ ਤੋਂ ਸਿਹਤ ਸੰਬੰਧੀ ਸਮੱਸਿਆਵਾਂ ਹਨ ਜਾਂ ਜਿਨ੍ਹਾਂ ਨੂੰ ਕੁਝ ਖਾਸ ਆਪ੍ਰੇਸ਼ਨਾਂ ਦੀ ਲੋੜ ਹੈ।

ਹੇਠਾਂ ਦਿੱਤੇ ਗਏ ਅੰਕੜੇ ਖੋਜ ਅਧਿਐਨਾਂ ਦੇ ਔਸਤ ਹਨ। ਇਹਨਾਂ ਅਧਿਐਨਾਂ ਵਿੱਚ ਸ਼ਾਮਲ ਲੋਕਾਂ ਦੀ ਆਮ ਤੌਰ 'ਤੇ ਰੁਟੀਨ ਸਰਜਰੀ ਹੋਈ ਸੀ, ਸਿਹਤਮੰਦ ਵਜ਼ਨ ਵਾਲੇ ਸਨ ਅਤੇ ਉਨ੍ਹਾਂ ਨੂੰ ਕੋਈ ਖਾਸ ਸਿਹਤ ਸਮੱਸਿਆ ਨਹੀਂ ਸੀ।







ਤੁਸੀਂ ਇੱਥੇ ਵਰਤੀ ਗਈ ਖੋਜ ਬਾਰੇ ਜਾਣਕਾਰੀ, ਅੱਗੇ ਦਿੱਤੇ ਲਿੰਕ ਤੋਂ ਪ੍ਰਾਪਤ ਕਰ ਸਕਦੇ ਹੋ: www.rcoa.ac.uk/patientinfo/risks/evidence.

**ਤੁਹਾਡੇ ਜੋਖਮ ਇਹਨਾਂ ਅੰਕੜਿਆਂ ਤੋਂ ਵੱਧ ਜਾਂ ਘੱਟ ਹੋ ਸਕਦੇ ਹਨ। ਤੁਹਾਡੇ ਐਨੱਸਥੀਟਿਸਟ ਅਜਿਹੇ ਜੋਖਮਾਂ ਬਾਰੇ ਤੁਹਾਡੇ ਨਾਲ ਵਿਚਾਰ-ਚਰਚਾ ਕਰਨਗੇ, ਜੋ ਤੁਹਾਡੇ ਲਈ ਜ਼ਿਆਦਾ ਸੰਭਵ ਜਾਂ ਮਹੱਤਵਪੂਰਨ ਹਨ।**

ਤੁਸੀਂ ਵੱਖ-ਵੱਖ ਕਿਸਮਾਂ ਦੇ ਐਨੱਸਥੀਜ਼ੀਆ ਭਾਵ ਸੁੰਨ/ਬੇਹੋਸ਼ੀ ਵਾਲੀਆਂ ਦਵਾਈਆਂ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਪ੍ਰਾਪਤ ਕਰ ਸਕਦੇ ਹੋ, ਜੋ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ: www.rcoa.ac.uk/patientinfo/translations#languages.

**ਇਹ ਅੰਕੜੇ ਹਰ 100 ਵਿਅਕਤੀਆਂ ਵਿੱਚੋਂ ਹਨ।**


| ਕੀ ਵਾਪਰਿਆ ਸੀ? | ਕਿੰਨੇ ਸਮੇਂ ਲਈ ਵਾਪਰਿਆ? | ਕਿੰਨੀ ਗਿਣਤੀ ਵਿੱਚ? ਹਰ 100 ਵਿਅਕਤੀਆਂ ਵਿੱਚੋਂ (ਇੱਕ ਸੌ ਲੋਕ) |
|---|---|---|
|  **ਕੰਬਣੀ** | ਰਿਕਵਰੀ ਰੂਮ ਵਿੱਚ 20–30 ਮਿੰਟ ਤੱਕ | **15** ਨੂੰ ਹੋਈ; **85** ਨੂੰ ਨਹੀਂ ਹੋਈ |

| | | | |
|---|---|---|---|
|  | **ਕਚਿਆਣ (ਬਿਮਾਰ ਮਹਿਸੂਸ ਕਰਨਾ)** | 1–24 ਘੰਟੇ ਲਈ | <br>**ਲਗਭਗ** 15 ਨੂੰ ਹੋਈ — **ਲਗਭਗ** 85 ਨੂੰ ਨਹੀਂ ਹੋਈ |
|  | **ਗਲੇ ਵਿੱਚ ਖਰਾਸ਼** | 24–48 ਘੰਟੇ ਲਈ | <br>**20–40** ਨੂੰ ਹੋਈ — **60–80** ਨੂੰ ਨਹੀਂ ਹੋਈ<br>ਇਹ ਸਾਹ ਲੈਣ ਵਾਲੀ ਟਿਊਬ ਦੀ ਕਿਸਮ 'ਤੇ ਨਿਰਭਰ ਕਰਦਾ ਹੈ |
|  | **ਨੀਲ ਪੈਣੇ ਜਾਂ ਦਰਦ**<br>ਟੀਕਿਆਂ ਤੋਂ। | ਕੁਝ ਦਿਨਾਂ ਵਿੱਚ ਠੀਕ ਹੋ ਗਏ | <br>**10** ਨੂੰ ਹੋਇਆ — **90** ਨੂੰ ਨਹੀਂ ਹੋਇਆ |
|  | **ਛੋਟੀ-ਮੋਟੀ ਬੁੱਲ ਜਾਂ ਜੀਭ ਦੀ ਸੱਟ** | ਕੁਝ ਦਿਨਾਂ ਵਿੱਚ ਠੀਕ ਹੋ ਗਈ | <br>**1-5** ਨੂੰ ਹੋਈ — **95-99** ਨੂੰ ਨਹੀਂ ਹੋਈ |
|  | **ਛਾਤੀ ਵਿੱਚ ਇਨਫ਼ੈਕਸ਼ਨ** | ਕੁਝ ਦਿਨਾਂ ਜਾਂ ਹਫ਼ਤਿਆਂ ਲਈ | <br>**20** ਨੂੰ ਹੋਇਆ — **80** ਨੂੰ ਨਹੀਂ ਹੋਇਆ |
|  | **ਉਲਝਣ (ਡਿਲੀਰੀਅਮ)** | ਦਿਨਾਂ, ਹਫ਼ਤਿਆਂ ਜਾਂ ਮਹੀਨਿਆਂ ਲਈ | <br>**10-50** ਨੂੰ ਹੋਈ — **50-90** ਨੂੰ ਨਹੀਂ ਹੋਈ |

## ਹੇਠਾਂ ਦਿੱਤੇ ਖਤਰੇ ਦੁਰਲੱਭ ਹਨ।

ਇਹ ਅੰਕੜੇ ਹਰ 10,000 ਲੋਕਾਂ ਵਿੱਚੋਂ ਹਨ।

| ਕੀ ਵਾਪਰਿਆ ਸੀ? | | ਕਿੰਨੇ ਸਮੇਂ ਲਈ ਵਾਪਰਿਆ? | ਕਿੰਨੀ ਗਿਣਤੀ ਵਿੱਚ? ਹਰ 10,000 ਵਿਅਕਤੀਆਂ ਵਿੱਚੋਂ (ਦਸ ਹਜ਼ਾਰ ਵਿਅਕਤੀ) | |
|---|---|---|---|---|
|  | **ਦੰਦਾਂ ਨੂੰ ਨੁਕਸਾਨ** | ਦੰਦ ਡਾਕਟਰ ਨੂੰ ਦਿਖਾਉਣੇ ਪਏ | **5** ਨੂੰ ਹੋਇਆ | **9,995** ਨੂੰ ਨਹੀਂ ਹੋਇਆ |
|  | **ਧੁੰਦਲੀ ਦ੍ਰਿਸ਼ਟੀ, ਅੱਖਾਂ ਵਿੱਚ ਜਲਨ ਜਾਂ ਦਰਦ**<br>ਇੱਕ ਛੋਟੀ ਖਰੋਚ ਜਾਂ ਸੁੱਕੀਆਂ ਅੱਖਾਂ ਕਾਰਨ | ਕੁਝ ਦਿਨ | **ਲਗਭਗ 5** ਨੂੰ ਹੋਈ | **ਲਗਭਗ 9,995** ਨੂੰ ਨਹੀਂ ਹੋਈ |
|  | **ਝਣਝਣਾਹਟ, ਸੁੰਨ ਹੋਣਾ, ਦਰਦ ਜਾਂ ਕਮਜ਼ੋਰੀ**<br>(ਨਸਾਂ ਨੂੰ ਨੁਕਸਾਨ)। | ਅਸਥਾਈ (ਹਫ਼ਤਿਆਂ ਤੋਂ ਮਹੀਨਿਆਂ ਲਈ)<br>ਸਥਾਈ | **1-5** ਨੂੰ ਹੋਈ<br>**1** ਨੂੰ ਹੋਈ | **9,995–9,999** ਨੂੰ ਨਹੀਂ ਹੋਈ<br>**9,999** ਨੂੰ ਨਹੀਂ ਹੋਈ |

| | | | | |
|---|---|---|---|---|
|  | **ਗੰਭੀਰ ਐਲਰਜੀ ਪ੍ਰਤੀਕ੍ਰਿਆ (ਐਨਾਫਿਲੈਕਸਿਸ)** | ਤੁਰੰਤ ਹੁੰਦੀ ਹੈ<br>ਤੁਰੰਤ ਇਲਾਜ ਕੀਤਾ ਗਿਆ | **1** ਨੂੰ ਹੋਈ | **9,999** ਨੂੰ ਨਹੀਂ ਹੋਈ |
|  | **ਕਾਰਡਿਐਕ ਅਰੈਸਟ, ਜਿਵੇਂ ਕਿ ਸਰਜਰੀ ਦੌਰਾਨ ਦਿਲ ਰੁਕਣਾ** | ਤੁਰੰਤ ਇਲਾਜ ਕੀਤਾ ਗਿਆ | **3** ਨੂੰ ਹੋਇਆ | **9,997** ਨੂੰ ਨਹੀਂ ਹੋਇਆ |

ਇਹ ਅੰਕੜੇ ਹਰੇਕ 100,000 ਵਿਅਕਤੀਆਂ ਵਿੱਚੋਂ ਹਨ।

| | ਕੀ ਵਾਪਰਿਆ ਸੀ? | ਕਿੰਨੀ ਗਿਣਤੀ ਵਿੱਚ?<br>ਹਰੇਕ 100,000 ਵਿਅਕਤੀਆਂ ਵਿੱਚੋਂ<br>(ਇੱਕ ਲੱਖ ਵਿਅਕਤੀ) | |
|---|---|---|---|
|  | **ਥੋੜ੍ਹੇ ਸਮੇਂ ਲਈ ਜਾਗੇ**<br>ਆਮ ਬੇਹੋਸ਼ੀ ਦੀ ਦਵਾਈ ਦੇਣ ਦੌਰਾਨ (ਅਚਾਨਕ ਸੁਰਤ ਆ ਜਾਣਾ) | **5** ਜਾਗੇ<br>ਹਰ 100,000 ਵਿੱਚੋਂ 3–4 ਨੇ ਕਿਹਾ ਕਿ ਇਹ ਪੰਜ ਮਿੰਟ ਤੋਂ ਘੱਟ ਸਮੇਂ ਲਈ ਹੋਇਆ, ਸਰਜਰੀ ਤੋਂ ਪਹਿਲਾਂ ਜਾਂ ਖ਼ਤਮ ਹੋਣ ਦੇ ਬਾਅਦ।<br>ਹਰ 100,000 ਵਿੱਚੋਂ ਲਗਭਗ 1 ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਦਰਦ ਮਹਿਸੂਸ ਹੋਇਆ। | **99,995** ਨਹੀਂ ਜਾਗੇ |
|  | **ਦ੍ਰਿਸ਼ਟੀ ਗੁਆਉਣਾ (ਅੰਨ੍ਹੇ ਹੋ ਜਾਣਾ)**<br>ਆਪਟਿਕ ਨਰਵ 'ਤੇ ਦਬਾਅ ਜਾਂ ਖ਼ੂਨ ਦੇ ਥੱਕੇ ਕਾਰਨ। | **1** ਨੂੰ ਹੋਈ | **99,999** ਨੂੰ ਨਹੀਂ ਹੋਈ |
|  | **ਸਰਜਰੀ ਦੀਆਂ ਜਟਿਲਤਾਵਾਂ ਕਾਰਨ ਮੌਤ** | **14** ਦੀ ਹੋਈ | **99,986** ਦੀ ਨਹੀਂ ਹੋਈ |
| | **ਸਰਜਰੀ ਦੌਰਾਨ ਜਾਂ ਤੁਰੰਤ ਬਾਅਦ ਕਾਰਡਿਕ ਅਰੈੱਸਟ ਕਾਰਨ ਮੌਤ** | **1** ਦੀ ਹੋਈ | **99,999** ਦੀ ਨਹੀਂ ਹੋਈ |
| | **ਬੇਹੋਸ਼ੀ/ਸੁੰਨ ਕਰਨ ਵਾਲੀ ਦਵਾਈ ਕਾਰਣ ਮੌਤ** | **1** ਦੀ ਹੋਈ | **99,999** ਦੀ ਨਹੀਂ ਹੋਈ |
| | ਇਹ ਜੋਖਮ ਬਹੁਤ ਵੱਧਦੇ-ਘੱਟਦੇ ਹਨ। ਉਦਾਹਰਣ ਲਈ, ਕੁਝ ਖ਼ਾਸ ਸਰਜਰੀਆਂ ਲਈ ਇਹ ਜ਼ਿਆਦਾ ਹੁੰਦਾ ਹੈ, ਜਾਂ ਜੇ ਲੋਕ ਕਮਜ਼ੋਰ, ਉਮਰਦਰਾਜ਼ ਜਾਂ ਕੁਝ ਖ਼ਾਸ ਸਿਹਤ ਸਮੱਸਿਆਵਾਂ ਵਾਲੇ ਸਨ। | | |

## ਬੇਦਾਅਵਾ

ਅਸੀਂ ਇਸ ਪਰਚੇ ਵਿੱਚ ਦਿੱਤੀ ਜਾਣਕਾਰੀ ਨੂੰ ਸਹੀ ਅਤੇ ਅੱਪ-ਟੂ-ਡੇਟ ਰੱਖਣ ਦੀ ਬਹੁਤ ਕੋਸ਼ਿਸ਼ ਕਰਦੇ ਹਾਂ, ਪਰ ਅਸੀਂ ਇਸਦੀ ਗਾਰੰਟੀ ਨਹੀਂ ਦੇ ਸਕਦੇ। ਅਸੀਂ ਇਹ ਉਮੀਦ ਨਹੀਂ ਕਰਦੇ ਹਾਂ ਕਿ ਇਹ ਆਮ ਜਾਣਕਾਰੀ ਤੁਹਾਡੇ ਕੋਲ ਹੋਣ ਵਾਲੇ ਸਾਰੇ ਸਵਾਲਾਂ ਨੂੰ ਕਵਰ ਕਰੇਗੀ ਜਾਂ ਹਰ ਉਸ ਚੀਜ਼ ਨਾਲ ਨਜਿੱਠਣ ਲਈ ਜੋ ਤੁਹਾਡੇ ਲਈ ਮਹੱਤਵਪੂਰਨ ਹੋ ਸਕਦੀ ਹੈ। ਇੱਕ ਗਾਈਡ ਦੇ ਤੌਰ 'ਤੇ ਇਸ ਪਰਚੇ ਦੀ ਵਰਤੋਂ ਕਰਦੇ ਹੋਏ, ਤੁਹਾਨੂੰ ਆਪਣੀ ਮੈਡੀਕਲ ਟੀਮ ਨਾਲ ਆਪਣੀਆਂ ਚੋਣਾਂ ਅਤੇ ਕਿਸੇ ਵੀ ਚਿੰਤਾ ਬਾਰੇ ਚਰਚਾ ਕਰਨੀ ਚਾਹੀਦੀ ਹੈ ਆਪਣੇ ਆਪ ਹੀ ਇਸ ਪਰਚੇ ਨੂੰ ਸਲਾਹ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸਦੀ ਵਰਤੋਂ ਕਿਸੇ ਵਪਾਰ ਜਾਂ ਵਪਾਰਕ ਉਦੇਸ਼ ਲਈ ਨਹੀਂ ਕੀਤੀ ਜਾ ਸਕਦੀ। ਪੂਰੇ ਬੇਦਾਅਵੇ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ।
(www.rcoa.ac.uk/patient-information/translations/punjabi).

ਸਾਰੇ ਅਨੁਵਾਦ 'Translators without Borders' ਦੀ ਅਨੁਵਾਦਕ ਕਮਿਉਨਿਟੀ ਵਲੋਂ ਮੁਹੱਈਆ ਕੀਤੇ ਜਾਂਦੇ ਹਨ। ਇਹਨਾਂ ਅਨੁਵਾਦਾਂ ਨੂੰ, ਜਿੰਨਾ ਸੰਭਵ ਹੋ ਸਕੇ, ਦਰੁਸਤ ਬਣਾਉਣ ਲਈ ਅਨੁਵਾਦਾਂ ਦੀ ਕੁਆਲਿਟੀ ਨੂੰ ਚੈੱਕ ਕੀਤਾ ਜਾਂਦਾ ਹੈ, ਪਰ ਫੇਰ ਵੀ ਕੁਝ ਜਾਣਕਾਰੀ ਵਿੱਚ ਗਲਤੀਆਂ ਅਤੇ ਇਸਦੀ ਗਲਤ ਵਿਆਖਿਆ ਹੋਣ ਦਾ ਖਤਰਾ ਰਹਿੰਦਾ ਹੈ।

# www.rcoa.ac.uk

patientinformation@rcoa.ac.uk

**© 2024 Royal College of Anaesthetists (RCoA)**
ਇਸ ਜਾਣਕਾਰੀ ਦੀ ਨਕਲ ਮਰੀਜ਼ਾਂ ਲਈ ਜਾਣਕਾਰੀ ਸਮੱਗਰੀ ਤਿਆਰ ਕਰਨ ਦੇ ਉਦੇਸ਼ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਇਸ ਮੂਲ ਸਰੋਤ ਦਾ ਹਵਾਲਾ ਦਿਓ। ਜੇਕਰ ਤੁਸੀਂ ਇਸ ਪਰਚੇ ਦਾ ਹਿੱਸਾ ਕਿਸੇ ਹੋਰ ਪ੍ਰਕਾਸ਼ਨ ਵਿੱਚ ਵਰਤਣਾ ਚਾਹੁੰਦੇ ਹੋ, ਤਾਂ ਢੁਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬ੍ਰਾਂਡਿੰਗ, ਚਿੱਤਰ ਅਤੇ ਆਈਕਨਾਂ ਨੂੰ ਜ਼ਰੂਰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।